ਦਫਤਰ: ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਸ.ਅ.ਸ.ਨਗਰ
(ਸੈਕੰਡਰੀ ਸਿਖਿਆ ਸ਼ਾਖਾ)

Email id: dpiseadsa@Punjabeducation.gov.in

2023 142378
25/10/2023

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ.ਸਿ/ਐ.ਸਿ.)
ਪੰਜਾਬ।
ਮੀਮੋ ਨੰਬਰ ਈ 435381 ਸੈ.ਸਿ(1)/2023298099
ਮਿਤੀ: ਸ.ਅ.ਸ.ਨਗਰ, 23/10/2023

ਵਿਸ਼ਾ:- ਮਹੱਤਵਪੂਰਣ ਸ਼ਖਸੀਅਤਾਂ ਦੇ ਨਾਮ ਤੇ ਸਰਕਾਰੀ ਵਿਦਿਅਕ ਅਦਾਰਿਆਂ ਦੇ ਨਾਮ ਤੇ ਰੱਖਣ ਸਬੰਧੀ ਹੋਈ ਮੀਟਿੰਗ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਮਿਤੀ 13-10-2023 ਨੂੰ ਵਿਦਿਅਕ ਅਦਾਰਿਆਂ ਦੇ ਨਾਮ ਤੇ ਰੱਖਣ ਸਬੰਧੀ ਮੀਟਿੰਗ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਰੱਖਿਆ ਸੇਵਾਵਾਂ ਭਲਾਈ ਵਿਭਾਗ ਅਤੇ ਫਰੀਡਮ ਫਾਈਟਰ ਵਿਭਾਗ ਨਾਲ ਸਬੰਧਤ ਸ਼ਖਸੀਅਤਾਂ ਦੇ ਨਾਵਾਂ ਤੇ ਵਿਦਿਅਕ ਅਦਾਰਿਆਂ ਦੇ ਨਾਮ ਰੱਖਣ ਸਬੰਧੀ ਕੇਸ ਵਿਚਾਰੇ ਗਏ ਸਨ।

ਮੀਟਿੰਗ ਦੌਰਾਨ ਸਬੰਧਤ ਜਿਲ੍ਹਾ ਸਿਖਿਆ ਅਫਸਰਾਂ ਤੋਂ ਸ਼ਖਸੀਅਤ ਦੇ ਜਨਮ ਅਸਥਾਨ ਬਾਰੇ ਪੁੱਛਿਆ ਗਿਆ ਤਾਂ ਕਈ ਜਿਲ੍ਹਾ ਸਿਖਿਆ ਅਫਸਰਾਂ ਨੂੰ ਇਸ ਦੀ ਜਾਣਕਾਰੀ ਨਾ ਹੋਣ ਕਾਰਣ ਸਕੱਤਰ ਸਕੂਲ ਸਿਖਿਆ ਜੀ ਵੱਲੋਂ ਆਦੇਸ਼ ਦਿੱਤੇ ਗਏ ਹਨ ਕਿ ਵਿਭਾਗ ਨੂੰ ਜੀਵਨੀ ਭੇਜਦੇ ਸਮੇਂ ਉਸ ਵਿੱਚ ਉਹ ਸ਼ਖਸੀਅਤ ਜਿਸ ਦੇ ਨਾਮ ਤੇ ਸਕੂਲ ਦਾ ਨਾਮ ਰੱਖਿਆ ਜਾਣਾ ਹੈ, ਦੇ ਜਨਮ ਸਥਾਨ ਬਾਰੇ ਜ਼ਰੂਰ ਜ਼ਿਕਰ ਕੀਤਾ ਜਾਵੇ। ਇਸ ਤੋਂ ਇਲਾਵਾ ਜੀਵਨੀ ਵਿੱਚ ਸ਼ਹੀਦ ਦੇ ਕੇਸ ਵਿੱਚ ਸਬੰਧਤ ਵੱਲੋਂ ਜਿਸ ਆਪਰੇਸ਼ਨ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ ਹੋਵੇ ਅਤੇ ਪ੍ਰਾਪਤ ਪਦਕ ਆਦਿ ਬਾਰੇ ਸਪਸ਼ਟ ਰੂਪ ਵਿੱਚ ਵਰਣਨ ਕੀਤਾ ਜਾਵੇ। ਇਸ ਤੋਂ ਇਲਾਵਾ ਫਰੀਡਮ ਫਾਈਟਰ ਵਾਲੇ ਕੇਸ ਵਿੱਚ ਫਰੀਡਮ ਫਾਈਟਰ ਦੇ ਜਨਮਸਥਾਨ ਤੋਂ ਇਲਾਵਾ ਉਹਨਾਂ ਵੱਲੋਂ ਅਜਾਦੀ ਦੀ ਲੜਾਈ ਵਿੱਚ ਪਾਏ ਯੋਗਦਾਨ ਸਬੰਧੀ ਦਸਤਾਵੇਜ਼ਾਂ ਜਿਵੇਂ ਕਿ ਤਾਮਰ ਪੱਤਰ, ਪੈਨਸ਼ਨ ਰਿਕਾਰਡ ਆਦਿ ਸਮੇਤ ਸਪਸ਼ਟ ਵਰਣਨ ਕੀਤਾ ਜਾਵੇ।

ਸਹਾਇਕ ਡਾਇਰੈਕਟਰ (ਸੈ.ਸਿ)

ਦਫਤਰ ਜਿਲ੍ਹਾ ਸਿੱਖਿਆ ਅਫਸਰ ( ਸੈ.ਸਿ) ਬਠਿੰਡਾ

ਪਿਠ ਅੰਕਣ ਨੰ: ਜੀ-1/1 ( )2023/ 5009 ਮਿਤੀ: 26/10/2023

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ( ਸੈ.ਸਿ) 26/10/23
ਬਠਿੰਡਾ ।